28

# ਯਿਸੂ ਨੇ ਉਨ੍ਹਾਂ ਦੇ ਪੈਰ ਧੋਤੇ

(13:1–17)

ਸੰਨ 1983 ਦੀ ਗੱਲ ਹੈ, ਮੈਨੂੰ ਯੂਹੰਨਾ 13: 1-17 ਵਿੱਚੋਂ ਪੁਰਖਾਂ ਦੀ ਇਕ ਰਿਟਰੀਟ ਵਿਚ ਵਚਨ ਸੁਨਾਉਣ ਲਈ ਕਿਹਾ ਗਿਆ ਸੀ। ਸਾਰੇ ਪੱਥਰ ਦੇ ਬਣੇ ਅੱਗ ਸੇਕਣ ਵਾਲੇ ਚੁੱਲ੍ਹੇ ਸਾਹਮਣੇ ਇਕ ਵੱਡੇ ਖਾਣੇ ਦੇ ਕਮਰੇ ਵਿਚ ਬੈਠੇ ਸਨ। ਪਾਠ ਸ਼ੁਰੂ ਕਰਨ ਲਈ, ਮੈਂ ਇਕ ਭਾਂਡਾ ਅਤੇ ਤੌਲੀਆ ਲੈ ਕੇ ਸਹਿਮਤੀ ਜਤਾਈ ਸੀ। (ਮੈਂ ਕਿਸੇ ਹੋਰ ਨਾਲ ਗੱਲ ਕੀਤੀ ਸੀ, ਪਰ ਉਸ ਨੇ ਕਿਹਾ ਸੀ ਕਿ ਇਹ ''ਬਹੁਤ ਝੰਜਟ ਵਾਲਾ ਕੰਮ'' ਹੋਵੇਗਾ।) ਮੇਰੇ ਉਸ ਆਦਮੀ ਅੱਗੇ ਗੋਡੇ ਟੇਕਣੇ, ਉਹਦੀਆਂ ਜੁਰਾਬਾਂ ਅਤੇ ਜੁੱਤੀਆਂ ਲਾਹੁਣ, ਅਤੇ ਉਹਦੇ ਪੈਰ ਧੋਣ ਤੇ ਕਮਰੇ ਵਿਚ ਪੂਰੀ ਤਰ੍ਹਾਂ ਖਾਮੋਸ਼ੀ ਛਾ ਗਈ। ਮੈਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਇਸ ਘਟਨਾ ਨਾਲ ਹਰ ਕੋਈ ਜਾਂ ਇੱਥੋਂ ਤਕ ਕਿ ਮੈਂ ਵੀ ਐਨਾ ਪਰੇਸ਼ਾਨ ਹੋ ਜਾਵਾਂਗਾ। ਅਸੀਂ ਯਿਸੂ ਵੱਲੋਂ ਅਜਿਹਾ ਕਰਨ ਬਾਰੇ ਪੜ੍ਹਿਆ ਸੀ, ਸੁਣਿਆ ਸੀ, ਅਤੇ ਗੱਲਾਂ ਕਰਦੇ ਸਾਂ, ਪਰ ਜਦ ਮੈਂ ਆਪ ਕੀਤਾ ਤਾਂ ਇਹ ਕੁਝ ਅਜੀਬ ਅਤੇ ਪਰੇਸ਼ਾਨ ਕਰਨ ਵਾਲਾ ਲੱਗਾ। ਮਰਦਾਂ ਦੀ ਉਸ ਰਿਟਰੀਟ ਵਿਚ ਹੋਣ ਵਾਲੀ ਗੱਲਬਾਤ ਤੇ ਵਿਚਾਰ ਕਰਦਿਆਂ ਜਦ ਮੈਂ ਉਸ ਰਾਤ ਦਾ ਧਿਆਨ ਕਰਦਾ ਹਾਂ, ਤਾਂ ਮੰਨਦਾ ਹਾਂ, ਕਿ ਅੱਜ ਦੇ ਪੈਰ ਧੋਣ ਦਾ ਅਨੁਭਵ ਯਿਸੂ ਵੱਲੋਂ ਆਪਣੀ ਮੌਤ ਦੇ ਨੇੜੇ ''ਚੇਲਿਆਂ ਦੇ ਪੈਰ ਧੋਣ'' (13:5) ਦੇ ਪਲ ਦੇ ਨਾਜ਼ੁਕ, ਭੈਭੀਤ ਅਤੇ ਪਰੇਸ਼ਾਨ ਕਰਨ ਵਾਲੇ ਪਲ ਦਾ ਪੂਰਾ ਹਾਲ ਸੀ।

ਪਸਾਹ ਦੇ ਪਰਬ ਤੋਂ ਥੋੜ੍ਹਾ ਪਹਿਲਾਂ (13: 1)[1] ਯਿਸੂ ਖਾਣਾ ਖਾਣ ਲਈ ਆਪਣੇ ਚੇਲਿਆਂ ਨਾਲ ਮਿਲਿਆ। ਉਸ ਦਿਨ ਬੈਤਨੀਆ ਤੋਂ ਆਉਂਦੇ ਸਮੇਂ ਸੜਕਾਂ ਤੇ ਧੂੜ ਹੀ ਧੂੜ ਸੀ ਅਤੇ ਗਰਮਾ ਗਰਮੀ ਕਾਫ਼ੀ ਹੋ ਗਈ ਸੀ।[2] ਉਸ ਸ਼ਾਮ ਉਨ੍ਹਾਂ ਨੇ ਭੋਜਨ ਖਾਣ ਲਈ ਬੈਠਣ ਤੋਂ ਪਹਿਲਾਂ ਪੈਰ ਨਹੀਂ ਧੋਤੇ। ਅਜਿਹੇ ਸਮਾਜ ਵਿਚ ਜਿੱਥੇ ਲੋਕ ਖਾਣਾ ਜ਼ਮੀਨ ਤੇ ਬੈਠ ਕੇ, ਇਕ ਕੂਹਣੀ ਜ਼ਮੀਨ ਤੇ ਟੇਕ ਕੇ ਖਾਂਦੇ ਸਨ, ਤੁਹਾਡੇ ਕੋਲ਼ ਬੈਠੇ ਆਦਮੀ ਦੇ ਪੈਰ ਗੰਦੇ ਹੋਣਾ ਇਕ ਗੰਭੀਰ ਗੱਲ ਸੀ। ਪੈਰ ਧੋਣ ਲਈ ਕਮਰੇ ਵਿਚ ਤਸਲਾ ਅਤੇ ਤੌਲੀਆ ਤਾਂ ਸੀ, ਪਰ ਕੋਈ ਸੇਵਕ ਨਹੀਂ ਸੀ ਜਿਹੜਾ ਇਸ ਕੰਮ ਨੂੰ ਕਰਦਾ। ਇਸ ਕਰਕੇ ਉਹ ਦਿਨ ਭਰ ਦੀ ਧੂੜ ਮਿੱਟੀ ਜੰਮੇ ਪੈਰ ਹੋਣ ਦੇ ਬਾਵਜੂਦ ਖਾਣਾ ਖਾਣ ਲੱਗ ਪਏ। ਉਹ ਅਜੇ ਖਾਣ ਹੀ ਵਾਲੇ ਸਨ ਕਿ ਯਿਸੂ ਨੇ ਉੱਠ ਕੇ ਆਪਣੇ ਲੱਕ ਦੁਆਲੇ ਪਰਨਾ ਬੱਧਾ, ਤਸਲੇ ਵਿਚ ਪਾਣੀ ਪਾਇਆ ਅਤੇ ਚੇਲਿਆਂ ਦੇ ਪੈਰ ਧੋਣੇ ਅਤੇ ਉਨ੍ਹਾਂ ਨੂੰ ਤੋਲੀਏ ਨਾਲ ਸੁਕਾਉਣ ਲਈ ਖੜ੍ਹਾ ਹੋ ਗਿਆ। ਯਕੀਨਨ ਹੀ, ਯਿਸੂ ਦੇ ਇਕ ਤੋਂ ਦੂਜੇ ਚੇਲੇ ਤਕ ਜਾਣ ਤੇ ਕਮਰੇ ਵਿਚ ਸੰਨਾਟਾ ਛਾ ਗਿਆ ਹੋਵੇਗਾ। ਕਮਰੇ ਵਿਚ ਮੌਜੂਦ ਲੋਕਾਂ ਵਿੱਚੋਂ ਸਭ ਦੇ ਪੈਰ ਧੋ ਰਿਹਾ ਸੀ।

ਯਿਸੂ ਉਸ ਰਾਤ ਆਪਣੇ ਇਸ ਕੰਮ ਨਾਲ ਧੂੜ ਸਾਫ਼ ਕਰਨ ਨਾਲੋਂ ਕਿਤੇ ਵੱਡਾ ਕੰਮ ਕਰ ਰਿਹਾ ਸੀ। ਉਹ ਆਪਣੇ ਚੇਲਿਆਂ ਨੂੰ ਆਪਣੀ ਮੌਤ ਅਤੇ ਉਨ੍ਹਾਂ ਦੇ ਉਦੇਸ਼ ਲਈ ਤਿਆਰ ਕਰ ਰਿਹਾ ਸੀ। ਚੇਲਿਆਂ ਦੇ ਪੈਰ ਧੋਣਾ ਉਸ ਬਲੀਦਾਨ ਜੋ ਉਸ ਨੇ ਛੇਤੀ ਹੀ ਸੂਲੀ ਤੇ ਦੇਣਾ ਸੀ, ਭਾਵ ਜੋ ਸ਼ੁੱਧੀਕਰਣ ਯਿਸੂ ਦੇ ਲਹੂ ਨਾਲ ਸੰਭਵ ਕਰਵਾਇਆ ਜਾਣਾ ਸੀ ਅਤੇ ਪਰਮੇਸ਼ੁਰ ਦੇ

ਰਾਜ ਦੇ ਪੂਰੀ ਤਰ੍ਹਾਂ ਨਾਲ ਨਵੇਂ ਮੁੱਲ ਦਾ ਪਰਛਾਂਵਾਂ ਸੀ। ਯਿਸੂ ਆਪਣੇ ਚੇਲਿਆਂ ਨੂੰ ਮਸੀਹੀ ਸੇਵਾ ਦਾ ਸੁਭਾਅ ਸਿਖਾਉਣ ਲਈ ਪੈਰ ਧੋਣ ਦਾ ਨਮੂਨਾ ਦੇ ਰਿਹਾ ਸੀ। ਜੋ ਉਸ ਨੇ ਪਹਿਲਾਂ ਕਦੀ ਨਹੀਂ ਵੇਖਿਆ ਸੀ।

## ਸੇਵਾ ਪ੍ਰੇਮ ਵਿਖਾਉਣ ਦਾ ਇਕ ਢੰਗ ਹੈ (13:1)

ਯੂਹੰਨਾ ਦੇ ਵਿਰਤਾਂਤ ਅਧਿਆਇ 13 ਵਿੱਚੋਂ ਇਕ ਨਵਾਂ ਭਾਗ ਸ਼ੁਰੂ ਹੁੰਦਾ ਹੈ। ਅਧਿਆਇ 13 ਤੋਂ 17 ਆਮ ਤੌਰ ਤੇ ਯਿਸੂ ਦਾ ''ਵਿਦਾਈ ਸੰਦੇਸ਼'' ਕਿਹਾ ਜਾਂਦਾ ਹੈ। ਆਮ ਸਿੱਖਿਆ ਦੀ ਤੁਲਨਾ ਵਿਚ ਜੋ ਯਿਸੂ ਦੀ ਆਪਣੀ ਅਰੰਭਿਕ ਸੇਵਕਾਈ ਦਾ ਮੁੱਖ ਭਾਗ ਸੀ, ਇਹ ਭਾਗ ਉਹਦੇ ਅਤੇ ਚੇਲਿਆਂ ਦੇ ਨਿੱਜੀ ਗੱਲਬਾਤ ਨੂੰ ਵਿਖਾਉਂਦਾ ਹੈ। ਇਸ ਭਾਗ ਵਿਚ ਇਕ ਫ਼ਰਕ ਇਹ ਹੈ ਕਿ ''ਪ੍ਰੇਮ'' ਸ਼ਬਦ ਪਹਿਲਾਂ ਨਾਲੋਂ ਬਹੁਤ ਵਾਰ ਮਿਲਦਾ ਹੈ। ਅਧਿਆਇ 1 ਤੋਂ 12 ਵਿਚ ਪ੍ਰੇਮ ਦੇ ਸਿਰਫ਼ ਛੇ ਹਵਾਲੇ ਹਨ, ਜਦ ਕਿ ਅਧਿਆਇ 13 ਤੋਂ 17 ਵਿਚ ਪ੍ਰੇਮ ਦਾ ਜ਼ਿਕਰ 31 ਵਾਰ ਆਇਆ ਹੈ। ਦੋ ਵਾਰ ਤਾਂ ਅਧਿਆਇ 13 ਦੀ ਪਹਿਲੀ ਆਇਤ ਵਿਚ ਹੀ ਇਸ ਦਾ ਜ਼ਿਕਰ ਮਿਲ ਜਾਂਦਾ ਹੈ।

ਜੇ ਅਸੀਂ ਸਮਝਣਾ ਚਾਹੁੰਦੇ ਹਾਂ ਕਿ ਯਿਸੂ ਨੇ ਆਪਣੇ ਚੇਲਿਆਂ ਦੇ ਪੈਰ ਧੋਤੇ ਜਾਂ ਉਹ ਸਲੀਬ ਤੇ ਕਿਉਂ ਮਰਿਆ, ਤਾਂ ਸਾਨੂੰ ਉਸ ਦੇ ਪ੍ਰੇਮ ਨੂੰ ਸਮਝਣਾ ਸ਼ੁਰੂ ਕਰਨਾ ਚਾਹੀਦਾ ਹੈ। ''... ਪਸਾਹ ਦੇ ਤਿਉਹਾਰ ਤੋਂ ਪਹਿਲਾਂ ਯਿਸੂ ਨੇ ਇਹ ਜਾਣ ਕੇ ਭਈ ਮੇਰੀ ਘੜੀ ਆ ਪਹੁੰਚੀ ਹੈ ਜਾਂ ਮੈਂ ਇਸ ਜਗਤ ਨੂੰ ਛੱਡ ਕੇ ਪਿਤਾ ਦੇ ਕੋਲ ਜਾਵਾਂ ਆਪਣੇ ਨਿੱਜ ਲੋਕਾਂ ਨਾਲ ਜਿਹੜੇ ਜਗਤ ਵਿਚ ਸਨ ਪਿਆਰ ਕਰ ਕੇ ਉਨ੍ਹਾਂ ਨੂੰ ਅੰਤ ਤੋੜੀ ਪਿਆਰ ਕਰਦਾ ਰਿਹਾ'' (13:1)। ਯਿਸੂ ਦੇ ਕੰਮਾਂ ਨੂੰ ਸਮਝਣੋਂ ਪਹਿਲਾਂ ਸਾਨੂੰ ਉਸਦੇ ਮਨ ਦੀ ਤਾਰੀਫ਼ ਕਰਨੀ ਪਵੇਗੀ। ਚੇਲਿਆਂ ਦੇ ਪੈਰ ਧੋਂਦੇ ਹੋਏ ਯਿਸੂ ਦਾ ਮਨ ਕ੍ਰੋਧ, ਨਿਰਾਸ਼, ਘਬਰਾਹਟ ਜਾਂ ਗੁੱਸੇ ਵਿਚ ਨਹੀਂ ਸਗੋਂ ਪ੍ਰੇਮ ਨਾਲ ਭਰਿਆ ਹੋਇਆ ਸੀ। ਜੇ ਅਸੀਂ ਯਿਸੂ ਵਾਂਗ ਸੇਵਾ ਕਰਨੀ ਚਾਹੁੰਦੇ ਹਾਂ ਤਾਂ ਸਾਡੇ ਲਈ ਵੀ, ਪ੍ਰੇਮ ਤੋਂ ਸ਼ੁਰੂਆਤ ਕਰਨੀ ਜ਼ਰੂਰੀ ਹੈ। ਬਹੁਤ ਸਾਰੇ ਲੋਕ ਜੋ ਇਹ ਭਾਵ ਜ਼ੋਰ ਦਿੰਦੇ ਹਨ ਕਿ ਸਾਨੂੰ ਵੀ ਯਿਸੂ ਵਾਂਗ ਸੇਵਾ ਕਰਨੀ ਚਾਹੀਦੀ ਹੈ, ਉਹ ਇੱਥੋਂ ਤੇ ਜਿੱਥੋਂ ਯਿਸੂ ਨੇ ਕੀਤਾ ਸੀ ਭਾਵ ਪ੍ਰੇਮ ਕਰਨ ਵਾਲੇ ਮਨ ਨਾਲ ਅਰੰਭ ਕਰਨ ਨੂੰ ਤਿਆਰ ਨਹੀਂ ਹੁੰਦੇ।

ਬਾਅਦ ਵਿਚ ਇਸੇ ਪਾਠ ਵਿਚ ਯਿਸੂ ਨੇ ਸਮਝਾਇਆ ਕਿ ਕਿਸ ਤਰ੍ਹਾਂ ਪਰਮੇਸ਼ੁਰ ਦੇ ਰਾਜ ਦੀ ਸਭ ਤੋਂ ਵੱਡੀ ਗੱਲ ਪ੍ਰੇਮ ਹੀ ਹੈ।

> ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ ਕਿ ਇਕ ਦੂਏ ਨੂੰ ਪਿਆਰ ਕਰੋ ਅਰਥਾਤ ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ ਤੁਸੀਂ ਇਕ ਦੂਏ ਨੂੰ ਪਿਆਰ ਕਰੋ। ਜੇ ਤੁਸੀਂ ਆਪੋ ਵਿਚ ਪ੍ਰੇਮ ਰੱਖੋ ਤਾਂ ਇਸੇ ਤੋਂ ਸਭ ਜਾਣਨਗੇ ਭਈ ਤੁਸੀਂ ਮੇਰੇ ਚੇਲੇ ਹੋ (13:34, 35)।

ਸੇਵਾ ਜੇ ਉਹ ਸਚਮੁਚ ਮਸੀਹੀ ਸੇਵਾ ਹੈ ਤਾਂ ਇਸ ਦਾ ਅਰੰਭ ਪ੍ਰੇਮ ਤੋਂ ਹੀ ਹੋਣਾ ਚਾਹੀਦਾ ਹੈ।

ਇਸ ਗੱਲ ਦੀ ਕੋਈ ਹੱਦ ਨਹੀਂ ਕਿ ਪ੍ਰੇਮ ਸਾਨੂੰ ਕੀ ਕਰਨ ਲਈ ਪ੍ਰੇਰਿਤ ਕਰ ਸਕਦਾ ਹੈ। ਜੇ ਅਸੀਂ ਦੋਸ਼ ਭੈ ਜਾਂ ਘਮੰਡ ਦੇ ਕਾਰਣ ਸੇਵਾ ਕਰਦੇ ਹਾਂ, ਤਾਂ ਸਾਡੀ ਸੇਵਾ ਪ੍ਰੇਮ ਕਰਨ ਵਾਲੇ ਮਨ ਨਾਲ ਕੀਤੀ ਸੇਵਾ ਦੇ ਮੁਕਾਬਲੇ ਘੱਟ ਪਾਈ ਜਾਵੇਗੀ। ਕਿਸੇ ਮਸੀਹੀ ਹਸਪਤਾਲ ਵਿਚ

ਦਾਖ਼ਲ ਇਕ ਮਰੀਜ਼ ਨੇ ਵੇਖਿਆ ਕਿ ਨਰਸਾਂ ਕਿਵੇਂ ਸਾਰਾ ਦਿਨ ਔਖੇ ਤੋਂ ਔਖਾ ਅਤੇ ਗੰਦੇ ਤੋਂ ਗੰਦਾ ਕੰਮ ਕਰਦੀਆਂ ਹਨ ਜੋ ਉਸ ਨੇ ਪਹਿਲਾਂ ਕਦੀ ਨਹੀਂ ਵੇਖਿਆ ਸੀ। ਇਕ ਦਿਨ ਉਸ ਨੇ ਇਕ ਨਰਸ ਨੂੰ ਕਿਹਾ, ''ਮੈਨੂੰ ਤਾਂ ਕੋਈ ਲੱਖ ਰੁਪਏ ਦਏ ਤਾਂ ਵੀ ਇਹ ਕੰਮ ਨਾ ਕਰਾਂ।'' ਉਹ ਮਸੀਹੀ ਨਰਸ ਕੰਮ ਰੋਕ ਕੇ ਉਸ ਬੰਦੇ ਵੱਲ ਮੁੜ ਕੇ ਮੁਸਕਰਾਈ ਤੇ ਕਹਿਣ ਲੱਗੀ, ''ਮੈਂ ਵੀ!'' ਪ੍ਰੇਮ ਸਾਨੂੰ ਸੇਵਾ ਦੇ ਅਜਿਹੇ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ ਜਿਵੇਂ ਕੋਈ ਹੋਰ ਨਹੀਂ ਕਰ ਸਕਦਾ।

## ਸੇਵਾ ਆਤਮ ਵਿਸ਼ਵਾਸ ਨਾਲ ਹੀ ਹੋ ਸਕਦੀ ਹੈ (13:2-4)

ਕਈ ਸਾਲ ਪਹਿਲਾਂ ਜਦ ਮੈਂ ਅਫ਼ਰੀਕਾ ਵਿਚ ਸਾਂ, ਇਕ ਦਿਨ ਸਥਾਨਕ ਭਾਸ਼ਾ ਵਿਚ ਮਸੀਹੀ ਸੇਵਾ ਵਿਚ ਵਿਚਾਰ ਦਾ ਅਨੁਵਾਦ ਕਰਨ ਲਈ ਇਕ ਸਾਥੀ ਮਿਸ਼ਨਰੀ ਸਥਾਨਕ ਭਾਸ਼ਾ ਦੇ ਅਨੁਵਾਦ ਵਿਚ ਸਹਾਇਕ ਦੇ ਨਾਲ ਕੰਮ ਕਰ ਰਿਹਾ ਸੀ। ਜਦ ਉਹ ਆਪਣੇ ਸੰਦੇਸ਼ ਵਿਚ ਇਸ ਗੱਲ ਤੇ ਆਇਆ ਜਿੱਥੇ ਉਹ ਕਹਿਣਾ ਚਾਹੁੰਦਾ ਸੀ, ''ਹਰ ਮਸੀਹੀ ਲਈ ਸੇਵਕ ਹੋਣਾ ਚਾਹੀਦਾ ਹੈ,'' ਤਾਂ ਉਸ ਦੇ ਸਹਾਇਕ ਨੇ ਕਿਹਾ, ''ਨਹੀਂ! ਤੁਹਾਡੇ ਕਹਿਣ ਦਾ ਅਰਥ ਇਹ ਨਹੀਂ ਹੋ ਸਕਦਾ!'' ਭਾਵੇਂ ਇਹ ਆਦਮੀ ਸਾਲਾਂ ਤੋਂ ਯਿਸੂ ਬਾਰੇ ਸੁਣਦਾ ਆ ਰਿਹਾ ਸੀ, ਪਰ ਉਸ ਨੂੰ ਨਹੀਂ ਲਗਦਾ ਸੀ ਕਿ ਪ੍ਰਚਾਰਕ ਮਸੀਹੀ ਲੋਕਾਂ ਨੂੰ ਸੇਵਕ ਬਣਨ ਲਈ ਇਹੋ ਜਿਹੇ ਛੋਟੇ ਕੰਮ ਲਈ ਆਖ ਸਕਦਾ ਹੈ।

''ਸੇਵਾ ਕਰਨੀ,'' ''ਨੌਕਰ,'' ''ਸੇਵਾ'' ਸਭ ਅਜਿਹੇ ਸ਼ਬਦ ਹਨ ਜਿਨ੍ਹਾਂ ਦੀ ਅਵਾਜ਼ ''ਕਮਜ਼ੋਰ'' ਸ਼ਬਦਾਂ ਵਾਂਗ ਜਾਪਦੀ ਹੈ। ਲਗਦਾ ਹੈ ਕਿ ਇਹ ਕੰਮ ਅਨਪੜ੍ਹ, ਗ਼ਰੀਬ ਅਤੇ ਕਮਜ਼ੋਰ ਲੋਕ ਕਰਦੇ ਹਨ। ਸੇਵਾ ਨੂੰ ਆਮ ਤੌਰ ਤੇ ਅਜਿਹੇ ਲੋਕਾਂ ਦਾ ਕੰਮ ਸਮਝਿਆ ਜਾਂਦਾ ਹੈ, ਜੋ ਸਿਰਫ਼ ਸੇਵਾ ਹੀ ਕਰਨ ਲਈ ਜੰਮੇ ਹੋਣ। ਕੋਈ ਸੇਵਾ ਇਸ ਲਈ ਕਰਦਾ ਹੈ ਕਿਉਂਕਿ ਉਸ ਨੂੰ ਸੇਵਾ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ।

ਪਰ ਯਿਸੂ ਨੇ ਇਹਦੇ ਮੂਲ ਅਰਥ ਨੂੰ ਹੀ ਬਦਲ ਦਿੱਤਾ। ਉਸ ਦਿਨ ਯਿਸੂ ਨੇ ਚੇਲਿਆਂ ਦੇ ਪੈਰ ਧੋਤੇ, ਉਹਨੇ ਉਨ੍ਹਾਂ ਬਾਰ੍ਹਾਂ ਦੇ ਪੈਰ ਕਿਸੇ ਧਮਕੀ ਜਾਂ ਕਮਜ਼ੋਰ ਹੋਣ ਜਾਂ ਉਨ੍ਹਾਂ ਤੋਂ ਛੋਟਾ ਹੋਣ ਦੇ ਕਾਰਣ ਲਹੀਂ ਧੋਤੇ ਸਨ। ਯੂਹੰਨਾ ਨੇ ਲਿਖਿਆ ਹੈ:

> ਤਦ ਯਿਸੂ ਇਹ ਜਾਣ ਕੇ ਭਈ ਪਿਤਾ ਨੇ ਸੱਭੋ ਕੁਝ ਮੇਰੇ ਹੱਥ ਵਿਚ ਸੌਂਪਿਆ ਹੈ ਅਤੇ ਮੈਂ ਪਰਮੇਸ਼ੁਰ ਦੇ ਕੋਲੋਂ ਆਇਆ ਹਾਂ ਅਤੇ ਪ੍ਰਮੇਸ਼ਵਰ ਦੇ ਕੋਲ ਜਾਂਦਾ ਹਾਂ। ਖਾਣੇ ਤੋਂ ਉੱਠਿਆ ਅਰ ਆਪਣੇ ਬਸਤ੍ਰ ਲਾਹ ਛੱਡੇ ਅਰ ਪਰਨਾ ਲੈ ਕੇ ਆਪਣਾ ਲੱਕ ਬੰਨ੍ਹਿਆ (13:3, 4)।

ਯਿਸੂ ਨੇ ਜੋ ਕੁਝ ਕੀਤਾ ਉਹ ਆਤਮਵਿਸ਼ਵਾਸ਼ ਅਤੇ ਸਮਰਥ ਹੋਣ ਦੇ ਕਾਰਣ ਹੀ ਕੀਤਾ ਸੀ। ਉਸ ਨੇ ਵਿਖਾਇਆ ਕਿ ਸੇਵਾ ਦਾ ਆਧਾਰ ਕਮਜ਼ੋਰ ਨਹੀਂ, ਸਗੋਂ ਸਮਰਥ ਹੈ। ਜਦ ਕੋਈ ਮਸੀਹੀ ਸਚਮੁੱਚ ਸਮਝ ਜਾਂਦਾ ਹੈ ਕਿ ਉਹ ਪਰਮੇਸ਼ੁਰ ਦੀ ਨਜ਼ਰ ਵਿਚ ਕਿੰਨਾ ਪਿਆਰਾ ਅਤੇ ਅਹਿਮ ਹੈ, ਤਾਂ ਉਸ ਨੂੰ ਸੇਵਾ ਕਰਨ ਦਾ ਆਤਮ ਵਿਸ਼ਵਾਸ ਮਿਲ ਜਾਂਦਾ ਹੈ, ਯਿਸੂ ਨੇ ਚੇਲਿਆਂ ਦੇ ਪੈਰ ਧੋ ਕੇ ਇਹ ਨਮੂਨਾ ਦਿੱਤਾ।

## ਸੇਵਾ ਵਿਚ ਪਰਮੇਸ਼ੁਰ ਵੱਲੋਂ ਦਿਸ਼ਾ ਮਿਲਦੀ ਹੈ (13:1-5)

ਪਾਠ 13 ਵਿਚ ਯਹੂਦਾ (ਆਇਤਾਂ 2, 18-30) ਅਤੇ ਪਤਰਸ (ਆਇਤਾਂ 31-38) ਦੋ ਅਜਿਹੇ ਚੇਲੇ ਹਨ ਜਿਨ੍ਹਾਂ ਨੂੰ ਸਭ ਚੇਲਿਆਂ ਵਿਚ ਪ੍ਰਮੁੱਖ ਵਿਖਾਇਆ ਗਿਆ ਹੈ। ਦੋਹਾਂ ਦੇ ਪੈਰ ਯਿਸੂ ਨੇ ਧੋਤੇ ਸਨ ਅਤੇ ਦੋਵੇਂ ਹੀ ਅਗਲੇ ਕੁਝ ਘੰਟਿਆਂ ਵਿਚ ਉਸ ਲਈ ਸਭ ਤੋਂ ਵੱਡੀ ਨਿਰਾਸ਼ਾ ਸਨ। ਯਹੂਦਾ ਨੇ ਉਸ ਨੂੰ ਫੜਵਾ ਦਿੱਤਾ ਸੀ ਅਤੇ ਪਤਰਸ ਨੇ ਉਸ ਦਾ ਇਨਕਾਰ ਕੀਤਾ ਸੀ। ਅਸਲ ਵਿਚ, ''ਜਾਣਕਾਰੀ'' ਸੇਵਾ ਦੇ ਸੁਭਾਅ ਤੋਂ ਮੁਕਤ ਕਰਨ ਵਾਲਾ ਅਨੋਖਾ ਮੁਕਾਸ਼ਫ਼ਾ ਹੈ। ਦੂਜੇ ਲੋਕਾਂ ਵੱਲੋਂ ਸਾਡੀ ਸੇਵਾ ਨੂੰ ਗ੍ਰਹਿਣ ਕਰਨ ਦਾ ਢੰਗ ਇਸ ਤੋਂ ਚੰਗਾ ਨਹੀਂ ਬਣਾਉਦਾ। ਸਾਡਾ ਕੰਮ ਸੇਵਾ ਕਰਨਾ ਅਤੇ ਈਨਾਮ ਲਈ ਪਰਮੇਸ਼ੁਰ ਵੱਲ ਵੇਖਣਾ ਹੈ।

ਜਿਸ ਮੰਡਲੀ ਵਿਚ ਮੈਂ ਸੇਵਾ ਕਰਦਾ ਹਾਂ ਉੱਥੇ ''ਉਹਦਾ ਘਰ'' ਨਾਮ ਨਾਲ ਪਰ ਉਪਕਾਰ ਦੀ ਸੇਵਾ ਹੁੰਦੀ ਹੈ। ਜਿਸ ਵਿਚ ਲੋੜਵੰਦਾਂ ਨੂੰ ਭੋਜਨ ਅਤੇ ਕੱਪੜੇ ਮੁਹੱਈਆ ਕਰਵਾਏ ਜਾਂਦੇ ਹਨ। ਸਾਨੂੰ ਕਈ ਵਾਰ ਪਤਾ ਲੱਗਦਾ ਹੈ ਲੋਕਾਂ ਨੇ ਸਾਡੇ ਨਾਲ ਝੂਠ ਬੋਲ ਕੇ ਸਾਡੀ ਉਦਾਰਤਾ ਦਾ ਨਜਾਇਜ਼ ਫ਼ਾਇਦਾ ਚੁੱਕਿਆ ਹੈ। ਕੀ ਇਸ ਨਾਲ ਸਾਡੀ ਅਹਿਮੀਅਤ ਘੱਟ ਹੋ ਜਾਂਦੀ ਹੈ? ਕਈ ਨਹੀਂ! ਅਸੀਂ ਸਮਝਦਾਰੀ ਨਾਲ ਕੰਮ ਕਰਨਾ ਚਾਹੁੰਦੇ ਹਾਂ, ਅਤੇ ਇਹ ਨਹੀਂ ਮੰਨਦੇ ਕਿ ਸਾਨੂੰ ਉਨ੍ਹਾਂ ਲੋਕਾਂ ਨੂੰ ਦਾਨ ਦੇਣਾ ਚਾਹੀਦਾ ਹੈ ਜੋ ਇਸ ਦੀ ਵਰਤੋਂ ਸ਼ਰਾਬ ਜਾਂ ਨਸ਼ੇ ਦਾ ਸਮਾਨ ਖਰੀਦਣ ਲਈ ਕਰਦੇ ਹੋਣ। ਪਰ ਜੇਕਰ ਸਾਥੋਂ ਗ਼ਲਤੀ ਹੋ ਜਾਂਦੀ ਹੈ, ਤਾਂ ਕੋਈ ਸਾਡਾ ਨਜਾਇਜ਼ ਫ਼ਾਇਦਾ ਚੁੱਕੇ, ਫਿਰ ਵੀ ਜ਼ਰੂਰੀ ਹੈ ਕਿ ਅਸੀਂ ਪਰਉਪਕਾਰ ਕਰਦੇ ਰਹੀਏ। ਕਿਉਂਕਿ ਯਿਸੂ ਨੇ ਉਸ ਰਾਤ ਯਹੂਦਾ ਅਤੇ ਪਤਰਸ ਦੇ ਪੈਰ ਧੋਤੇ ਸਨ ਇਸ ਲਈ ਸਾਨੂੰ ਵੀ ਆਪਣੇ ਸਾਥੀਆਂ ਦੀ ਸੇਵਾ ਕਰਦੇ ਰਹਿਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਉਨ੍ਹਾਂ ਲੋਕਾਂ ਨੂੰ ਵੀ ਜਿਨ੍ਹਾਂ ਨੇ ਕਦੀ ਸਾਡੀ ਸੇਵਾ ਜਾਂ ਸਾਡੇ ਦਾਨਾਂ ਦਾ ਨਜ਼ਾਇਜ ਫਾਇਦਾ ਉਠਾਇਆ ਹੋਵੇ। ਮਸੀਹੀ ਵਿਅਕਤੀ ਲਈ, ਸੇਵਾ ਦਾ ਅਰਥ ਫ਼ਲ ਵੱਲ ਧਿਆਨ ਲਗਾਉਣਾ ਨਹੀਂ ਹੈ, ਕਿਉਂਕਿ ਇਹ ਕੰਮ ਤਾਂ ਯਿਸੂ ਦਾ ਹੈ।

ਮਿਸ਼ਨਰੀ ਲੋਕ ਇਕ ਗੱਲ ਦੀ ਉਦਾਹਰਣ ਹਨ। ਉਹ ਇੰਜੀਲ ਦੇ ਪ੍ਰਚਾਰ ਲਈ ਕਿਤੇ ਜਾਣ ਤੋਂ ਪਹਿਲਾਂ ਹੀ ਇਸ ਗੱਲ ਨੂੰ ਸਮਝਦੇ ਹਨ ਕਿ ਕੁਝ ਲੋਕ ਉਨ੍ਹਾਂ ਲੋਕਾਂ ਨੂੰ ਠੁਕਾਰਾਉਣਗੇ ਕੁਝ ਉਨ੍ਹਾਂ ਦੀ ਵਰਤੋਂ ਕਰਨਗੇ ਅਤੇ ਕਈ ਲੋਕ ਉਨ੍ਹਾਂ ਨੂੰ ਗਾਲਾਂ ਵੀ ਕੱਢਣਗੇ ਉਹ ਅੰਜਾਮ ਨੂੰ ਵੇਖ ਕੇ ਨਹੀਂ ਸਗੋਂ ਇਸ ਲਈ ਜਾਂਦੇ ਹਨ ਕਿਉਂਕਿ ਅਜਿਹਾ ਕਰਨਾ ਠੀਕ ਹੈ, ਨਤੀਜਾ ਭਾਵੇਂ ਕੁਝ ਵੀ ਹੋਣ।

## ਸੇਵਾ ਲਈ ਪਹਿਲਾਂ ਸੇਵਾ ਕਰਨਾ ਜ਼ਰੂਰੀ ਹੈ (13:6-10)

ਜਦ ਯਿਸੂ ਪਤਰਸ ਕੋਲ਼ ਆਕੇ ਉਹਦੇ ਪੈਰ ਧੋਣ ਲੱਗਾ, ਤਾਂ ਪਤਰਸ ਨੇ ਉਹ ਨੂੰ ਇਹ ਕਹਿੰਦੇ ਹੋਏ ਰੋਕਿਆ, ''ਪ੍ਰਭੂ ਜੀ ਤੂੰ ਮੇਰੇ ਪੈਰ ਧੋਂਦਾ ਹੈਂ?'' (13:6)। ਯਿਸੂ ਨੇ ਪਤਰਸ ਨੂੰ ਕਿਹਾ ਕਿ ਜੋ ਕੁਝ ਉਹ ਕਰਦਾ ਰਿਹਾ ਸੀ ਪਤਰਸ ਨੂੰ ਉਸ ਸਮੇਂ ਸਕਝ ਨਹੀਂ ਆਉਣਾ ਸੀ, ਪਰ ਹੌਲੀ ਹੌਲੀ ਉਸਨੂੰ ਸਮਝ ਆ ਜਾਣੀ ਸੀ। ਪਤਰਸ ਅਜੇ ਵੀ ਉਸ ਨੂੰ ਰੋਕੀ ਇਹ ਜ਼ੋਰ ਦੇ ਰਿਹਾ ਸੀ ਕਿ ਯਿਸੂ ਉਹਦੇ ਪੈਰ ਕਦੀ ਨਹੀਂ ਧੋਵੇਗਾ। ਫਿਰ ਯਿਸੂ ਨੇ ਇਹ ਕਹਿਣ ਤੇ ਕਿ, ''ਜੇ ਮੈਂ ਤੈਨੂੰ ਨਾ ਧੋਵਾਂ ਤਾਂ ਮੇਰੇ ਨਾਲ ਤੇਰਾ ਕੋਈ ਹਿੱਸਾ ਨਾ ਹੋਵੇਗਾ'' (13:8)। ਪਤਰਸ ਜ਼ਰੂਰੀ ਹੀ ਚੌਂਕ ਗਿਆ ਹੋਵੇਗਾ। ਉਸ ਨੂੰ ਇਸ ਗੱਲ ਦੀ ਸਮਝ ਤਾਂ ਨਹੀਂ ਸੀ ਕਿ ਇਸ ਦੀ ਲੋੜ ਸੀ।

ਪਤਰਸ ਜੋ ਹਮੇਸ਼ਾ ਜ਼ੋਸ਼ ਵਿਚ ਆ ਜਾਣ ਵਾਲੇ ਦੇ ਰੂਪ ਵਿਚ ਮਸ਼ਹੂਰ ਹੈ, ਨੇ ਯਿਸੂ ਨੂੰ ਉਹਦੀ ਪੂਰੀ ਦੇਹ ਨੂੰ ਧੋਣ ਲਈ ਕਿਹਾ।

ਪਤਰਸ ਨੂੰ ਯਿਸੂ ਦੀ ਇਸ ਗੱਲ ਤੋਂ ਸਪੱਸ਼ਟ ਹੁੰਦਾ ਹੈ ਕਿ ਪਰਮੇਸ਼ੁਰ ਦੇ ਨਾਲ ਆਪਣੇ ਸਬੰਧ ਵਿਚ ਆਪਣੇ ਉੱਪਰ ਭਰੋਸਾ ਰੱਖਣਾ ਰੂਹਾਨੀ ਤੌਰ ਤੇ ਜਿੰਨਾ ਤਬਾਹਕੁਨ ਹੋ ਸਕਦਾ ਹੈ। ਜਦ ਤਕ ਸਾਨੂੰ ਲੱਗਦਾ ਹੈ ਕਿ ਅਸੀਂ ਆਪਣੀ ਮੁਕਤੀ ਕਮਾਈ ਹੈ। ਤਦ ਤਕ ਸਾਡੇ ਵਿਚ ਸ਼ੁਕਰਗੁਜ਼ਾਰੀ ਅਤੇ ਪਰਮੇਸ਼ੁਰ ਪ੍ਰਤੀ ਦੀਨਤਾ ਨਹੀਂ ਆਏਗੀ। ਜਿਸ ਕਾਰਣ, ਸਾਨੂੰ ਦੂਜਿਆਂ ਦੀ ਸੇਵਾ ਕਰਨ ਦੀ ਇੱਛਾ ਜਾਂ ਪ੍ਰੇਰਣਾ ਨਹੀਂ ਮਿਲੇਗੀ। ਅਜਿਹੀ ਹਾਲਤ ਵਿਚ ਅਸੀਂ ਆਪਣੇ ਆਪ ਨੂੰ ਆਪਣਾ ਖ਼ੁਦਾ ਬਣਾ ਲੈਂਦੇ ਹਾਂ, ਅਤੇ ਜਦ ਸਾਨੂੰ ਸਮਝ ਆ ਜਾਵੇ ਕਿ ਸਾਨੂੰ ਪਰਮੇਸ਼ੁਰ ਦੇ ਅਦਭੁਤ ਫ਼ਜ਼ੂਲ ਤੋਂ ਮੁਕਤੀ ਮਿਲਦੀ ਹੈ, ਤਾਂ ਅਸੀਂ ਸ਼ੁਕਰਗੁਜ਼ਾਰ, ਦੀਨ ਅਤੇ ਆਪਣੇ ਮੁਕਤੀਦਾਤੇ ਦੇ ਨਮੂਨੇ ਤੇ ਚੱਲਣ ਨੂੰ ਤਿਆਰ ਹੁੰਦੇ ਹਾਂ। ਕਿਸੇ ਦੀ ਫ਼ਿਕਰ ਨਾ ਕਰਨ ਵਾਲੀ ਕਲੀਸੀਆ ਨੂੰ ਦੂਜਿਆਂ ਦੀ ਸੇਵਾ ਕਰਨ ਲਈ ਕਿਵੇਂ ਪ੍ਰੇਰਿਤ ਕੀਤਾ ਜਾ ਸਕਦਾ ਹੈ? ਡਰਾ ਜਾਂ ਧਮਕਾ ਕੇ ਨਹੀਂ, ਸਗੋਂ ਉਨ੍ਹਾਂ ਨੂੰ ਯਾਦ ਦੁਆ ਕੇ ਕਿ ਯਿਸੂ ਨੇ ''ਉਨ੍ਹਾਂ ਦੇ ਪੈਰ ਧੋਤੇ।'' ਯਿਸੂ ਦੇ ਬਲੀਦਾਨ ਨਾਲ ਸੇਵਾ ਕਰਵਾਉਣਾ ਸੱਚੀ ਸੇਵਾ ਦਾ ਪਹਿਲਾਂ ਕਦਮ ਹੈ।

ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ਆਮ ਤੌਰ ਤੇ ਯਿਸੂ ਦੀ ਗੱਲ ਤੋਂ ਇਕ ਹੀ ਸਮੇਂ ਵਿਚ ਕਈ ਅਰਥ ਮਿਲਦੇ ਹਨ। 13: 1-17 ਵਿਚ ਵੀ ਇਹੀ ਹੋ ਰਿਹਾ ਸੀ। ਪਹਿਲਾਂ ਤਾਂ, ਇਹ ਇਕ ਦੂਜੇ ਦੇ ਗੰਦੇ ਪੈਰਾਂ ਵੱਲ ਝੁਕ ਕੇ ਖਾਣਾ ਖਾਂਦੇ ਹੋਏ ਲੋਕਾਂ ਦੇ ਸਮੂਹ ਤੇ ਦਯਾ ਦਾ ਇਕ ਕਾਰਜ ਸੀ। ਇਸ ਦੇ ਡੂੰਘੇ ਅਰਥ ਵਿਚ, ਯਿਸੂ ਇਕ ਮੌਕੇ ਦੀ ਵਰਤੋਂ ਚੇਲਿਆਂ ਨੂੰ (ਫੇਰ) ਇਹ ਸਮਝਾਉਣ ਲਈ ਕਰ ਰਿਹਾ ਸੀ ਕਿ ਉਹ ਇਕ ਸੇਵਕ ਸੀ ਅਤੇ ਉਹਦੇ ਪਿੱਛੇ ਚੱਲਣ ਵਾਲਿਆਂ ਲਈ ਵੀ ਉਹੋ ਜਿਹੀ ਸੇਵਾ ਕਰਨੀ ਜ਼ਰੂਰੀ ਹੈ। ਇਸ ਗੱਲ ਵਿਚ ਇਕ ਹੋਰ ਸੰਕੇਤ ਵੀ ਸੀ ਕਿ ਯਹੂਦਾ ਯਿਸੂ ਨੂੰ ਫੜ੍ਹਾਵੇਗਾ (13: 10, 11)।

## ਸੇਵਾ ਕਰਨ ਤੋਂ ਭਾਵ ਹੂਬਹੂ ਸੇਵਾ ਹੈ (13:12-16)

ਆਪਣੇ ਪਰੇਸ਼ਾਨ ਚੇਲਿਆਂ ਦੇ ਪੈਰ ਧੋਣ ਪਿੱਛੋਂ, ਯਿਸੂ ਆਪਣੀ ਜਗ੍ਹਾ ਤੇ ਬੈਠ ਗਿਆ। ਯਿਸੂ ਦੇ ਕੁਝ ਕਹਿਣ ਦੀ ਉਡੀਕ ਕਰਦੇ ਹੋਏ ਉਹ ਬਾਰਾਂ ਚੁੱਪ ਚਾਪ ਹੋਵੇਗੇ। ਅੰਤ ਉਸ ਨੇ ਉਨ੍ਹਾਂ ਤੋਂ ਪੁੱਛਿਆ, '' ਕੀ ਤੁਸੀਂ ਸਮਝਦੇ ਹੋ ਕਿ ਮੈਂ ਤੁਹਾਡੇ ਨਾਲ ਕੀ ਕੀਤਾ? '' (13: 12)। ਉਸ ਦੇ ਅਗਲੇ ਸ਼ਬਦ ਨਾ ਸਿਰਫ਼ ਭੋਜ ਦੀ ਉਸ ਸਥਿਤੀ ਲਈ ਹੀ ਸਨ ਸਗੋਂ ਅੱਜ ਸਾਡੇ ਲਈ ਵੀ ਗੱਲ ਕਰਦੇ ਹਨ:

> ਤੁਸੀਂ ਮੈਨੂੰ ਗੁਰੂ ਅਤੇ ਪ੍ਰਭੂ ਕਰਕੇ ਬੁਲਾਉਂਦੇ ਹੋ ਅਰ ਠੀਕ ਆਖਦੇ ਹੋ ਕਿਉਂ ਜੋ ਮੈਂ ਹਾਂ। ਸੋ ਜੇ ਮੈਂ ਗੁਰੂ ਅਤੇ ਪ੍ਰਭੂ ਹੋ ਕੇ ਤੁਹਾਡੇ ਪੈਰ ਧੋਤੇ ਤਾਂ ਚਾਹੀਦਾ ਹੈ ਜੋ ਤੁਸੀਂ ਭੀ ਇਕ ਦੂਏ ਦੇ ਪੈਰ ਧੋਵੋ। ਇਸ ਲਈ ਜੋ ਮੈਂ ਤੁਹਾਨੂੰ ਇਕ ਨਮੂਨਾ ਦੇ ਛੱਡਿਆ ਹੈ ਤਾਂ ਜੋ ਜਿਵੇਂ ਮੈਂ ਤੁਹਾਡੇ ਨਲਾ ਕੀਤਾ ਤੁਸੀਂ ਭੀ ਤਿਵੇਂ ਹੀ ਕਰੋ। ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਭਈ ਨੌਕਰ ਆਪਣੇ ਮਾਲਕ ਤੋਂ ਵੱਡਾ ਨਹੀਂ, ਨਾ ਭੇਜਿਆ ਹੋਇਆ ਆਪਣੇ ਭੇਜਣ ਵਾਲੇ ਤੋਂ (13: 13-16)।

ਯਿਸੂ ਨੇ ਸੇਵਾ ਕੀਤੀ! ਉਹ ਸਾਡਾ ਪ੍ਰਭੂ ਹੈ, ਇਸ ਲਈ ਜੇ ਕਰ ਅਸੀਂ ਉਸ ਜਿਹੇ ਬਣਨਾ ਚਾਹੁੰਦੇ

ਹਾਂ ਤਾਂ ਸਾਨੂੰ ਵੀ ਦੂਜਿਆਂ ਦੀ ਸੇਵਾ ਕਰਨੀ ਚਾਹੀਦੀ ਹੈ।

ਇਸ ਅਧਿਐਨ ਵਿਚ, ਮੈਂ ਉਨ੍ਹਾਂ ਲੋਕਾਂ ਦੀਆਂ ''ਵੀਰਤਾਪੂਰਣ'' ਉਦਾਹਰਣਾਂ ਦੀ ਗੱਲ ਨਹੀਂ ਕੀਤੀ ਹੈ ਜਿਨ੍ਹਾਂ ਯਿਸੂ ਦੇ ਨਾਮ ਦੀ ਸੇਵਾ ਕੀਤੀ ਸੀ। ਮੈਂ ਇਹ ਪ੍ਰਭਾਵ ਨਹੀਂ ਛੱਡਣਾ ਚਾਹੁੰਦਾ ਕਿ ਯਿਸੂ ਦੀ ਸੇਵਾ ਕਰਨਾ ਸਿਰਫ਼ ਬਹਾਦਰ ਭਾਂਵ ਉਨ੍ਹਾਂ ਲੋਕਾਂ ਦਾ ਕੰਮ ਹੈ ਜਿਨ੍ਹਾਂ ਨੂੰ ਦਾਨ ਮਿਲਦਾ ਹੋਵੇ ਜਾਂ ਜੋ ਮੁਸ਼ਕਲ ਹਲਾਤ ਵਿਚ ਫਸੇ ਹੁੰਦੇ ਹਨ। ਯਿਸੂ ਸਾਨੂੰ ਸਭ ਨੂੰ (ਅਤੇ ਸਾਡੇ ਵਿੱਚੋਂ ਵਧੇਰੇ ਲੋਕ ਆਮ ਜੀਵ ਬਿਤਾਉਂਦੇ ਹਨ) ਆਪਣੇ ਘਰਾਂ ਵਿਚ ਅਤੇ ਕਲੀਸੀਆਵਾਂ ਵਿਚ, ਆਪਣੇ ਦਫ਼ਤਰਾਂ ਵਿਚ ਜਾਂ ਜਿੱਥੇ ਵੀ ਸਾਨੂੰ ਦੂਜਿਆਂ ਦੇ ''ਪੈਰ ਧੋਣ'' ਦਾ ਮੌਕਾ ਮਿਲੇ ਆਪਣੀ ਨਕਲ ਕਰਨ ਨੂੰ ਬੁਲਾਉਂਦਾ ਹੈ। ਮਸੀਹੀ ਹੋਣ ਦੇ ਨਾਤੇ ਸਾਡੇ ਲਈ ਸੇਵਾ ਕਰਨਾ ਅਜੀਬ ਨਹੀਂ ਹੈ। ਕਿਉਂਕਿ ਇਹ ਤਾਂ ਯਿਸੂ ਦੇ ਨਮੂਨੇ ਅਨੁਸਾਰ ਚੱਲਦੀ ਹੈ।

## ਸੇਵਾ ਦਾ ਅਰਥ ਕੁਝ ਕਰਨਾ ਹੈ (13:17)

ਵੀਹ ਸਾਲ ਪਹਿਲਾਂ, ਜਦ ਮੈਂ ਯੂਨੀਵਰਸਿਟੀ ਵਿਚ ਪੜ੍ਹਦਾ ਸੀ ਤਾਂ ਮੈਂ ਅਤੇ ਮੇਰੇ ਮਸੀਹੀ ਦੋਸਤਾਂ ਨੇ ਸੇਵਾ ਬਾਰੇ ਕਾਫ਼ੀ ਚਰਚਾ ਕੀਤੀ। ਅਸਲ ਵਿਚ ਯਿਸੂ ਦੁਆਰਾ ਚੇਲਿਆਂ ਦੇ ਪੈਰ ਧੋਣ ਦੀ ਕਹਾਣੀ ਸਾਡੀ ਚਰਚਾ ਦੀਆਂ ਸਭ ਤੋਂ ਪਸੰਦੀਦਾ ਆਇਤਾਂ ਹਨ। ਜਵਾਨੀ ਦੇ ਅੱਲੜਪਣ ਵਿਚ, ਸਾਨੂੰ ਲੱਗਾ ਕਿ ਅਸਾਂ ਯਿਸੂ ਦੀ ਭੁੱਲੀ ਵਿਸਰੀ ਸਿੱਖਿਆ ਨੂੰ ''ਖੋਜ ਲਿਆ'' ਹੈ। ਹੁਣ ਸਾਲਾਂ ਬਾਦ, ਮੈਂ ਅਤੇ ਮੇਰੇ ਮਿੱਤਰ ਵੇਖਦੇ ਹਾਂ ਕਿ ਸੇਵਾ ਕਰਨ ਨਾਲੋਂ ਸੇਵਾ ਕਰਨ ਬਾਰੇ ਬੋਲਣਾ ਆਸਾਨ ਹੈ। ਆਮ ਤੋਰ ਤੇ ਸੇਵਾ ਕਰਨ ਦੀ ਬਜਾਏ ਇਸ ਤੇ ਸਿਰਫ਼ ਚਰਚਾ ਹੀ ਕੀਤੀ ਜਾਂਦੀ ਹੈ। ਯਿਸੂ ਸੇਵਾਂ ਦੀਆਂ ''ਗੱਲਾਂ ਕਰਨ'' ਤੋਂ ਵਧੇਰੇ ਚਾਹੁੰਦਾ ਹੈ ਭਾਵ ਉਹ ਉਵੇਂ ਹੀ ''ਕਰਨ'' ਲਈ ਵੀ ਬੁਲਾਉਂਦਾ ਹੈ! ਚੇਲਿਆਂ ਨੂੰ ਇਹ ਦੱਸਣ ਦੇ ਬਾਦ ਕਿ ਉਹ ਚਾਹੁੰਦਾ ਸੀ ਕਿ ਉਹ ਦੂਜਿਆਂ ਦੀ ਸੇਵਾ ਕਰਨ ਵਿਚ ਉਨ੍ਹਾਂ ਦੀ ਉਦਾਹਰਣ ਦੀ ਨਕਲ ਕਰਨ, ਯਿਸੂ ਨੇ ਕਿਹਾ, ''ਜੇ ਤੁਸੀਂ ਏਹ ਗੱਲਾਂ ਜਾਣਦੇ ਹੋ ਤਾਂ ਧੰਨ ਹੋ ਜੇ ਇਨ੍ਹਾਂ ਨੂੰ ਕਰੋ ਭੀ'' (13:17)। ਯਾਕੂਬ ਨੇ ਬਾਦ ਵਿਚ ਇਸੇ ਸਿੱਖਿਆ ਨੂੰ ਦੁਹਰਾਇਆ ਹੈ: ''ਪਰ ਵਚਨ ਉੱਤੇ ਅਮਲ ਕਰਨ ਵਾਲੇ ਹੋਵੋ ਅਤੇ ਆਪਣੇ ਆਪ ਨੂੰ ਧੋਖਾ ਦੇ ਕੇ ਨਿਰੇ ਸੁਣਨ ਵਾਲੇ ਹੀ ਨਾ ਹੋਵੋ'' (ਯਾਕੂਬ 1:22)।

ਸੇਵਾ ਦਾ ਵਿਹਾਰਕ ਪਹਿਲੂ ਦੱਖਣੀ ਅਫ਼ਰੀਕਾ ਦੀ ਇਕ ਗਿਆਰਾਂ ਸਾਲਾਂ ਦੀ ਕੁੜੀ ਦੀ ਕਹਾਣੀ ਵਿਚ ਮਿਲਦਾ ਹੈ। ਉਹ ਇਕ ਗ਼ਰੀਬ ਕਿਸਾਨ ਦੀ ਬੇਟੀ ਸੀ ਅਤੇ ਆਪਣੀ ਮਾਂ ਦੀ ਮੌਤ ਸਮੇਂ ਉਹਦੀ ਉਮਰ ਸਿਰਫ਼ ਗਿਆਰ੍ਹਾਂ ਵਰ੍ਹਿਆਂ ਦੀ ਸੀ। ਆਪਣੇ ਭੈਣ ਭਰਾਵਾਂ ਵਿੱਚੋਂ ਸਭ ਤੋਂ ਵੱਡੀ ਹੋਣ ਅਤੇ ਪਰਿਵਾਰ ਵਿਚ ਦੋ ਛੋਟੇ ਬੱਚੇ ਹੋਣ ਉਹ ਜਲਦੀ ਹੀ ਦੂਜੇ ਬੱਚਿਆਂ ਦੀ ''ਮੰਮੀ'' ਬਣ ਗਈ। ਉਸ ਨੇ ਪੂਰੀ ਜ਼ਿੰਮੇਵਾਰੀ ਨਾਲ ਇਸ ਔਖੇ ਕੰਮ ਨਿਭਾਇਆ। ਜਿਸ ਕਾਰਣ ਛੇਤੀ ਹੀ ਉਹਦੀ ਸਿਹਤ ਵਿਗੜ ਗਈ ਅਤੇ ਇਲਾਜ ਲਈ ਉਸ ਨੂੰ ਇਕ ਮਿਸ਼ਨ ਹਸਪਤਾਲ ਵਿਚ ਦਾਖ਼ਲ ਕਰਵਾਉਣਾ ਪਿਆ। ਹਸਪਤਾਲ ਵਿਚ ਇਕ ਬੜੀ ਹੀ ਚੰਗੀ ਮਸੀਹੀ ਔਰਤ ਜੋ ਉਸ ਨੂੰ ਮਿਲਣ ਲਈ ਆਉਂਦੀ ਸੀ, ਪੁੱਛਣ ਲੱਗੀ, ''ਕੀ ਤੂੰ ਚਰਚ ਜਾਂਦੀ ਹੈ?'' ਕੁੜੀ ਨੇ ਜਵਾਬ ਦਿੱਤਾ, ''ਨਹੀਂ ਮੈਡਮ!'' ਔਰਤ ਨੇ ਪੁੱਛਿਆ ''ਕੀ ਤੂੰ ਕਦੀ ਸੰਡੇ ਸਕੂਲ ਗਈ ਏਂ?'' ਫਿਰ, ਕੁੜੀ ਸਿਰਫ਼ ਐਨਾ ਈ ਜਵਾਬ ਦੇ ਪਾਈ, ''ਨਹੀਂ ਮੈਡਮ।'' ''ਫਿਰ, '' ਉਹ ਔਰਤ ਕਹਿੰਦੀ ਰਹੀ, ''ਜਦ ਤੂੰ ਮਰ ਜਏਗੀ ਤਾਂ ਪਰਮੇਸ਼ੁਰ ਨੂੰ ਕੀ ਦੱਸੇਗੀ?'' ਸਾਫ਼

ਚਿੱਟੀ ਚਾਦਰ ਅੰਦਰ ਆਪਣੀਆਂ ਕਮਜ਼ੋਰ ਬਾਹਵਾਂ ਕੱਢਦੀ ਹੋਈ ਉਸ ਨਿੱਕੀ ਔਰਤ ਨੇ ਕਿਹਾ, ''ਮੈਡਮ ਮੈਂ ਉਸ ਨੂੰ ਹੱਥ ਵਿਖਾ ਦਵਾਂਗੀ।'' ਇਹ, ਸਚਮੁੱਚ ਇਕ ਸੇਵਕਾਂ ਸੀ। ਉਸ ਦਾ ਜੀਵਨ ਅਤੇ ਉਸਦੇ ਸ਼ਬਦ ਸਾਨੂੰ ਯਾਦ ਦੁਆਉਂਦੇ ਹਨ ਕਿ ਸੇਵਾਂ ਦੀਆਂ ਗੱਲਾਂ ਦੀ ਐਨੀ ਅਹਿਮੀਅਤ ਨਹੀਂ ਹੈ ਜਿੰਨੀ ਸੇਵਾ ਕਰਨ ਦੀ।

## ਸਾਰ

ਚੇਲਿਆਂ ਦੇ ਪੈਰ ਧੋਣ ਪਿੱਛੋਂ, ਯਿਸੂ ਨੇ ਪਰਨਾ ਤਾਂ ਰੱਖ ਦਿੱਤਾ ਪਰ ਸੇਵਾ ਕਰਨਾ ਨਹੀਂ ਛੱਡਿਆ। ਅਗਲੇ ਦਿਨ ਉਸ ਨੇ ਇਕ ਪੁਰਾਣੀ ਰੋਮੀ ਸਲੀਬ ਉਠਾ ਲਈ ਅਤੇ ਆਪਣੀ ਇੱਛਾ ਅਨੁਸਾਰ ਸਾਡੇ ਲਈ ਮਰ ਗਿਆ। ਪਰਨਾ ਅਤੇ ਸਲੀਬ ਦੋਵੇਂ ਯਿਸੂ ਦੇ ਜੀਵਨ ਦਾ ਉਪਯੁਕਤ ਸੰਕੇਤ ਹੈ ਦੋਵੇਂ ਹੀ ਬਲੀਦਾਨ ਦੇ ਨਿਸ਼ਾਨ ਹਨ, ਦੋਵੇਂ ਹੀ ਯਾਦ ਦੁਆਉਂਦੇ ਹਨ ਕਿ ਜਿਹੜਾ ਗੰਦਾ ਹੈ ਉਸ ਨੂੰ ਸਾਫ਼ ਕੀਤਾ ਜਾ ਸਕਦਾ ਹੈ, ਯਿਸੂ ਨੇ ਦੋਵਾਂ ਦੀ ਵਰਤੋਂ ਆਪਣਾ ਪ੍ਰੇਮ ਵਿਖਾਉਣ ਲਈ ਕੀਤੀ ਅਤੇ ਦੋਵੇਂ ਹੀ ਸਾਨੂੰ ਆਪਣੇ ਪ੍ਰਭੂ ਦੀ ਨਕਲ ਕਰਨ ਲਈ ਬੁਲਾਉਂਦੇ ਹਨ। ਕੀ ਤੁਸੀਂ ਆਪਣਾ ਤੋਲੀਆ ਅਤੇ ਸਲੀਬ ਉਠਾ ਕੇ (ਮਰਕੁਸ 8:43) ਅੱਜ ਯਿਸੂ ਪਿੱਛੇ ਚੱਲੋਗੇ?

---

ਟਿੱਪਣੀਆਂ

[1]ਵੇਖੋ 12:1. [2]ਮੱਤੀ 20:20-28 ਅਤੇ ਮਰਕੁਸ 10:35-45 ਵਿਚ ਸੰਕੇਤ ਮਿਲਦਾ ਹੈ ਕਿ ਯਿਸੂ ਅਤੇ ਉਹਦੇ ਚੇਲਿਆਂ ਦੇ ਯਰੂਸ਼ਲਮ ਵਿਚ ਜਾਂਦੇ ਹੋਏ ''ਸਭ ਤੋਂ ਵੱਡਾ'' ਕੌਣ ਦੀ ਬਹਿਣ ਤੇਜ਼ ਹੁੰਦੀ ਜਾ ਰਹੀ ਸੀ।